National Research Journal of Social Sciences
Volume-11, Issue-1, January-June 2026
PP: 44-50
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਸੰਦੇਸ਼ ਅਤੇ ਸ਼ਹਾਦਤ

**ਵੰਦਨਾ**

ਅਸਿਸਟੈਂਟ ਪ੍ਰੋਫੈਸਰ
ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਲ ਲਾਈਨਜ਼, ਲੁਧਿਆਣਾ

**ਸਾਰੰਸ਼ :**

ਵਿਸ਼ਵ ਦੇ ਇਤਿਹਾਸ ਦੇ ਪੰਨੇ ਫਰੋਲਣ ਤੋਂ ਪਤਾ ਲੱਗਦਾ ਹੈ ਕਿ ਜੇਕਰ ਮਹਾਪੁਰਸ਼, ਸੰਤ, ਭਗਤ ਨੇ ਕੋਈ ਬਲੀਦਾਨ ਦਿੱਤਾ ਹੈ ਤਾਂ ਉਹ ਕੇਵਲ ਆਪਣੇ ਨਿੱਜੀ, ਧਾਰਮਿਕ ਅਤੇ ਸਮਾਜਿਕ ਮਾਨਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਉਨ੍ਹਾਂ ਨੂੰ ਬਚਾਉਣ ਲਈ ਬਲੀਦਾਨ ਦਿੱਤਾ ਗਿਆ ਹੈ, ਪਰ ਗੁਰੂ ਤੇਗ ਬਹਾਦਰ ਜੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਵਿਸ਼ਵ ਦੇ ਇਤਿਹਾਸ ਵਿੱਚ ਸੁਨਹਿਰੀ ਪੰਨਿਆਂ ਉੱਪਰ ਅੰਕਿਤ ਹੈ ਜਿਨ੍ਹਾਂ ਨੇ ਸ਼ਰਨਾਗਤ ਕਸ਼ਮੀਰੀ ਪੰਡਿਤਾਂ ਅਤੇ ਧਰਮ ਦੀ ਰੱਖਿਆ ਦੇ ਵਰਦਾਨ ਨੂੰ ਕਬੂਲ ਕਰਕੇ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਹੈ। ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਸ਼ਵ ਦੇ ਇਤਿਹਾਸ ਦੀਆਂ ਉਨ੍ਹਾਂ ਲਾਜਵਾਬ ਹਸਤੀਆਂ ਵਿੱਚੋਂ ਵਿਲੱਖਣ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਸਮੁੱਚੀ ਮਾਨਵ ਜਾਤੀ ਨੂੰ ਸਿਦਕ, ਸਿਰੜ, ਸਚਿਆਰਤਾ, ਸਾਂਝੀਵਾਲਤਾ, ਅਡਲਿ ਦ੍ਰਿੜ੍ਹਤਾ ਅਤੇ ਨੈਤਿਕਤਾ ਦੇ ਮਾਰਗ 'ਤੇ ਚੱਲਣ ਦਾ ਪੈਗਾਮ ਦਿੱਤਾ ਹੈ। ਸੋ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਯੋਗੀ, ਬਹਾਦਰ ਅਤੇ ਤਿਆਗੀ ਸਖ਼ਸ ਸਨ ਜਿਨ੍ਹਾਂ ਨੇ ਨੈਤਿਕਤਾ, ਧਰਮ ਅਤੇ ਆਦਰਸ਼ਾਂ ਦੀ ਰਾਖੀ ਲਈ ਆਪਣੇ ਸੀਸ ਦਾ ਬਲੀਦਾਨ ਦੇ ਕੇ ਧਰਮ ਦੀ ਢਾਲ ਬਣਨ ਦੀ ਅਨੋਖੀ ਮਿਸਾਲ ਕਾਇਮ ਕੀਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੀ ਦੇ 350ਵੇਂ ਸ਼ਹਾਦਤ ਦਿਵਸ ਨੂੰ ਸਮਰਪਿਤ ਇਹ ਦੋ ਸ਼ਬਦ ਉਹਨਾਂ ਦੀ ਯਾਦ ਵਿੱਚ ਇਕ ਸੁਯੋਗ ਸ਼ਰਧਾਂਜਲੀ ਅਤੇ ਨਿਮਾਣਾ ਜਿਹਾ ਉੱਦਮ ਹੈ, ਜਿਸ ਨੂੰ ਮੈਂ ਆਪਣੇ ਖੋਜ ਪੱਤਰ ਵਿੱਚ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ।

**ਕੁੰਜੀ ਸ਼ਬਦ**: ਹਿੰਦ ਦੀ ਚਾਦਰ, ਇਬਾਦਤ, ਪਾਵਨ ਬਾਣੀ, ਨੈਤਿਕਤਾ, ਵਿਚਾਰਧਾਰਾ, ਅਖੰਡਤਾ, ਕੁਰਬਾਨੀ।

ਵਿਸ਼ਵ ਦੇ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਖ਼ਸੀਅਤ ਦੀ ਉਦਾਹਰਨ ਧਰਮ, ਮਾਨਵਤਾ ਲਈ ਦਿੱਤੀ ਗਈ ਸ਼ਹਾਦਤ ਮਨੁੱਖੀ ਸਮਾਜ ਲਈ ਹਮੇਸ਼ਾ ਪ੍ਰਭਾਵਤ, ਪ੍ਰੇਰਨਾ ਦਾ ਸਾਧਨ ਹੋ ਨਿਬੜਦੀ ਹੈ ਜਿਹੜੀ ਵਿਸ਼ਵਾਸ, ਇਬਾਦਤ ਅਤੇ ਧਰਮ ਦੀ ਖ਼ਾਤਰ ਸ਼ਰਧਾ, ਆਸਥਾ ਦੀ ਅਦੁੱਤੀ, ਵਿਲੱਖਣ ਅਤੇ ਲਾ-ਮਿਸਾਲ ਹੈ। ਹਿੰਦ ਦੀ ਚਾਦਰ, ਧਰਮ ਦੀ ਚਾਦਰ, ਸ਼੍ਰੋਮਣੀ ਸ਼ਹੀਦ, ਮਾਨਵਤਾ ਦੇ ਰੱਖਿਅਕ, ਸ੍ਰਿਸ਼ਟੀ ਦੀ ਚਾਦਰ, ਮਨੁੱਖੀ ਅਧਿਕਾਰਾਂ ਦੇ ਰਖਵਾਲੇ ਆਦਿ ਵਿਸ਼ੇਸ਼ਣਾਂ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਇਤਿਹਾਸ ਵਿਚ ਚਿਤਾਰਿਆ ਗਿਆ ਹੈ। ਸਿੱਖ ਜਗਤ ਦੇ ਫ਼ਲਸਫ਼ੇ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ, ਸ਼ਖ਼ਸੀਅਤ ਅਤੇ ਸ਼ਹਾਦਤ ਦੀ ਰੌਸ਼ਨੀ ਸਮਾਜ ਵਿਚਲੀਆਂ ਦੁਸ਼ਵਾਰੀਆਂ, ਕੱਟੜਤਾ, ਹਿੰਸਾਵਾਦੀਆਂ ਨੂੰ ਰੌਸ਼ਨੀ/ਪ੍ਰਕਾਸ਼ ਦੀ ਕਿਰਨ ਪ੍ਰਦਾਨ ਕਰਦੀ ਹੈ। ਡਾ. ਤਾਰਨ ਸਿੰਘ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਰੇ ਕਹਿੰਦੇ ਹਨ, "ਇਹ ਨਵੇਂ ਯੁੱਗ ਲਈ ਨਵਾਂ ਸੰਦੇਸ਼ ਹਨ। ਇਹ ਭਾਰਤੀ ਮਹਾਨਤਾ ਦੇ ਨਹੀਂ, ਵਿਸ਼ਵ ਮਹਾਨਤਾ ਦੇ ਹਨ। ਇਨ੍ਹਾਂ ਦੀ ਬੋਲੀ ਤੇ ਸ਼ੈਲੀ ਵਿਸ਼ਵ-ਵਿਆਪੀ ਹੈ। ਇਹ ਪਰਮਾਤਮਾ ਦੀ ਆਵਾਜ਼ ਹਨ, ਅਕਾਸ਼ ਬਾਣੀ ਹਨ ਤੇ ਧੂਹ ਪਾਉਂਦੀ, ਵੰਗਾਰਦੀ ਸ਼ੈਲੀ ਦਾ ਪ੍ਰਮਾਣ ਹਨ। ਇਹ ਗੁਰੂ ਤੇਗ ਬਹਾਦਰ ਦੀ ਬਾਣੀ ਦਾ ਸਿਖਰ ਹਨ।"[1]

ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ 1 ਅਪ੍ਰੈਲ, 1621 ਈ. ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਦੀ ਕੁੱਖੋਂ 'ਗੁਰੂ ਕਾ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਰਹਿਨੁਮਾਈ ਹੇਠ ਸ਼ਸਤਰ ਵਿੱਦਿਆ ਅਤੇ ਆਤਮਿਕ ਵਿੱਦਿਆ ਹਾਸਲ ਕੀਤੀ। ਗੁਰੂ ਤੇਗ ਬਹਾਦਰ ਜੀ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਧਾਰਨ ਕੀਤੀਆਂ ਦੋ ਤਲਵਾਰਾਂ 'ਮੀਰੀ' ਅਤੇ 'ਪੀਰੀ' ਦੇ ਨਾਲ 8, 13, 14 ਸਾਲ ਦੀ ਉਮਰ ਵਿਚ ਯੁੱਧ ਵਿਚ ਤਲਵਾਰ ਦੇ ਅਜਿਹੇ ਕਰਤੱਬ ਦਿਖਾਏ ਜਿਸ ਨਾਲ ਆਪ ਨੂੰ 'ਤੇਗ਼ ਦਾ ਧਨੀ' ਵਜੋਂ ਜਾਣਿਆ ਜਾਣ ਲੱਗਾ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਪਹਿਲਾਂ ਉਨ੍ਹਾਂ ਦਾ ਨਾਮ ਤਿਆਗ ਮੱਲ ਸੀ। ਯੁੱਧ ਵਿਚ ਜੌਹਰ ਦਿਖਾਉਣ ਮਗਰੋਂ ਪਿਤਾ ਜੀ ਨੇ ਤੇਗ ਬਹਾਦਰ ਰੱਖ ਦਿੱਤਾ।

"He was hardly 14 years old when he took part in Swordsmanship. Guru Hargobind remained him Tegh Bahadur."[2]

ਗੁਰੂ ਤੇਗ ਬਹਾਦਰ ਸਾਹਿਬ ਦਾ ਵਿਆਹ ਭਾਈ ਲਾਲ ਚੰਦ ਜੀ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਕਰਤਾਰਪੁਰ ਸਾਹਿਬ ਵਿਖੇ ਸੰਨ 1628 ਈ. ਨੂੰ ਹੋਇਆ। ਗ੍ਰਿਹਿਸਥੀ ਜੀਵਨ ਵਿਚ ਰਹਿ ਕੇ ਵੀ ਸ਼ਾਂਤ ਚਿੱਤ, ਅਡੋਲ ਤੇ ਨਾਮ ਸਿਮਰਨ ਵਿਚ ਆਪਣਾ ਜੀਵਨ ਬਤੀਤ ਕਰਦੇ ਸਨ। ਨਾਮ ਸਿਮਰਨ ਅਤੇ ਪ੍ਰਭੂ ਭਗਤੀ ਵਿਚ ਕਈ-ਕਈ ਘੰਟੇ ਲੀਨ ਰਹਿੰਦੇ। ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ, 1644 ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ ਗੱਦੀ ਦਾ ਵਾਰਿਸ ਹਰਿਰਾਇ ਜੀ ਨੂੰ 8 ਮਾਰਚ 1644 ਈ. ਨੂੰ ਬਣਾ ਕੇ ਸੱਤਵੇਂ ਗੁਰੂ ਦੀ ਥਾਪਨਾ ਦਿੱਤੀ। ਗੁਰੂ ਹਰਿਰਾਇ 6 ਅਕਤੂਬਰ 1661 ਨੂੰ ਜੋਤੀ ਜੋਤ ਸਮਾ ਗਏ। ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਬਾਲ ਅਵਸਥਾ ਵਿਚ ਗੁਰਗੱਦੀ 'ਤੇ ਬੈਠੇ। ਚੇਚਕ ਦੀ ਭਿਆਨਕ ਬਿਮਾਰੀ ਕਾਰਨ 30 ਮਾਰਚ 1664 ਨੂੰ ਸੰਸਾਰਿਕ ਯਾਤਰਾ ਪੂਰੀ ਕਰ ਗਏ।

ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵਲੋਂ ਅੰਤਿਮ ਸਮੇਂ ਉਚਾਰੇ ਗਏ ਸ਼ਬਦ 'ਬਾਬਾ ਬਕਾਲਾ' ਦੀ ਭਿਣਕ ਜਦੋਂ ਭੇਖੀਆਂ ਅਤੇ ਫਰੇਬੀਆਂ ਨੂੰ ਲੱਗੀ ਤਦ ਇਨ੍ਹਾਂ 22 ਅਖੌਤੀਆਂ ਨੇ ਖ਼ੁਦ ਨੂੰ ਗੁਰੂ ਕਾ ਦਰਜਾ ਮੰਨਣਾ ਸਿੱਧ ਕਰ ਲਿਆ। ਉਸ ਸਮੇਂ ਦੌਰਾਨ ਅਜਿਹੀ ਘਟਨਾ ਵਾਪਰੀ


© Copyright @ Authors

ਜਿਸ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਨੌਵਾਂ ਗੁਰੂ ਹੋਣ ਦਾ ਪ੍ਰਤੱਖ ਸਬੂਤ ਸਿੱਖ ਸੰਗਤਾਂ ਨੂੰ ਦਿੱਤਾ। ਭਾਈ ਮੱਖਣ ਸ਼ਾਹ ਲੁਬਾਣਾ ਜੋ ਗੁਰੂਘਰ ਦਾ ਸ਼ਰਧਾਲੂ ਸੀ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਦਿੱਲੀ ਆਇਆ ਹੋਇਆ ਸੀ। ਉਸ ਨੇ ਆਪਣੇ ਕਾਰੋਬਾਰ ਲਈ ਸੁਖਨਾ ਸੁੱਖੀ ਕਿ ਜੇਕਰ ਉਸ ਦਾ ਬੇੜਾ ਸਹੀ ਸਲਾਮਤ ਵਾਪਸ ਆ ਜਾਵੇ ਤਾਂ ਗੁਰੂ ਜੀ ਅੱਗੇ 500 ਮੋਹਰਾਂ ਭੇਂਟ ਕਰਾਂਗਾ। ਉਸ ਦੀ ਅਰਦਾਸ ਪਰਮਾਤਮਾ ਨੇ ਸੁਣ ਲਈ, ਉਸ ਦਾ ਬੇੜਾ ਤੂਫਾਨੀ ਸਮੁੰਦਰ ਵਿੱਚੋਂ ਪਾਰ ਲੰਘ ਗਿਆ। ਆਪਣੀ ਮੰਨਤ ਉਤਾਰਨ ਲਈ ਦਿੱਲੀ ਪਹੁੰਚਿਆ ਤਾਂ ਪਤਾ ਲੱਗਾ ਕਿ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ ਹਨ ਅਤੇ ਉਹ ਆਪਣੇ ਅੰਤਿਮ ਸਮੇਂ 'ਬਾਬਾ ਬਕਾਲਾ' ਕਹਿ ਕੇ ਨਾਨਕ ਗੱਦੀ ਦਾ ਅਗਲਾ ਵਾਰਸ ਥਾਪ ਗਏ ਹਨ। ਮੱਖਣ ਸ਼ਾਹ ਦਿੱਲੀ ਤੋਂ ਸਿੱਧਾ ਬਾਬਾ ਬਕਾਲਾ ਪਹੁੰਚੇ। ਉੱਥੇ ਕਿੰਨੇ ਹੀ ਗੁਰੂਆਂ ਦੀਆਂ ਗੱਦੀਆਂ ਸਥਾਪਿਤ ਹਨ। ਮਸਲਾ ਇਹ ਖੜ੍ਹਾ ਹੋ ਗਿਆ ਕਿ ਅਸਲ ਗੁਰੂ ਦੀ ਪਛਾਣ ਕਿਵੇਂ ਹੋਵੇ? ਮੱਖਣ ਸ਼ਾਹ ਲੁਬਾਣਾ ਨੇ ਸੋਚਿਆ ਕਿ 500 ਮੋਹਰਾਂ ਦੇਣ ਦੀ ਬਜਾਏ ਦੋ-ਦੋ ਮੋਹਰਾਂ ਸਾਰੇ ਹੀ ਗੁਰੂਆਂ ਨੂੰ ਭੇਂਟ ਕਰ ਦਿੰਦਾ ਹਾਂ, ਅਸਲ ਗੁਰੂ ਜਿਹੜਾ ਹੋਇਆ ਉਹ ਆਪੇ ਬੋਲ ਕੇ ਦੱਸੇਗਾ। ਦੋ-ਦੋ ਮੋਹਰਾਂ ਦੇ ਕੇ ਅਖੌਤੀ ਗੁਰੂ ਖੁਸ਼ ਹੁੰਦੇ ਗਏ। ਗੁਰੂ ਤੇਗ ਬਹਾਦਰ ਜੀ ਭਗਤੀ ਵਿਚ ਸਮਾਧੀ ਲੀਨ ਬੈਠੇ ਸਨ। ਮੱਖਣ ਸ਼ਾਹ ਨੇ ਮੱਥਾ ਟੇਕ ਕੇ ਮੋਹਰਾਂ ਦਿੱਤੀਆਂ। ਗੁਰੂ ਸਾਹਿਬ ਨੇ ਕਿਹਾ ਗੁਰੂ ਦੀ ਅਮਾਨਤ ਦਿੱਤਿਆਂ ਹੀ ਭਲੀ ਹੈ। ਇਹ ਗੱਲ ਸੁਣ ਕੇ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬਾਹਰ ਆ ਕੇ ਉੱਚੀ-ਉੱਚੀ ਆਵਾਜ਼ ਵਿਚ ਕਹਿਣ ਲੱਗਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਭਾਵ ਕਿ ਅਸਲ ਗੁਰੂ ਮਿਲ ਗਏ। ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਿਆਈ ਮਿਲ ਗਈ। ਫਿਰ 11 ਅਗਸਤ 1664 ਵਿਚ ਗੁਰਮਤਿ ਮਰਿਯਾਦਾ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਨੌਵੇਂ ਗੁਰੂ ਸਾਹਿਬ ਥਾਪਿਆ। ਬਾਬਾ ਬੁੱਢਾ ਸਾਹਿਬ ਦੇ ਪੋਤਰੇ ਭਾਈ ਗੁਰਦਿੱਤਾ ਵਲੋਂ ਤਿਲਕ ਲਗਾ ਕੇ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਦਿੱਤਾ ਸਿਰੋਪਾਓ, ਤਲਵਾਰ ਅਤੇ ਰੁਮਾਲ ਭੇਂਟ ਕੀਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ ਬੇਇਨਸਾਫ਼ੀ ਦਾ ਬੋਲਬਾਲਾ ਹੋਣ ਕਾਰਨ ਭਾਰਤੀ ਪਰਜਾ ਬੁਰੀ ਤਰ੍ਹਾਂ ਪਿਸ ਰਹੀ ਸੀ। ਮੁਗ਼ਲ ਸਲਤਨਤ ਦਾ ਬੇਲਗਾਮ ਸ਼ਾਸਨ ਨਿਰਦਈ, ਕੱਟੜਪੰਥੀ ਨੀਤੀਆਂ ਔਰੰਗਜ਼ੇਬ ਦੇ ਜਬਰ ਜ਼ੁਲਮ ਸਮੁੱਚੇ ਹਿੰਦੁਸਤਾਨ ਨੂੰ ਜਬਰੀ ਇਸਲਾਮ ਕਬੂਲ ਕਰਨ ਦੀ, ਧਰਮ ਪਰਿਵਰਤਨ ਦੀ ਨੀਤੀ ਸੀ। ਧਾਰਮਿਕ ਤੌਰ 'ਤੇ ਹਿੰਦੂ, ਮੁਸਲਮਾਨਾਂ ਅਤੇ ਹੋਰ ਜਾਤਾਂ ਵਿਚਕਾਰ ਵੰਡੀਆਂ ਪੈਣ ਕਾਰਨ ਲੋਕ ਇਕ-ਦੂਜੇ ਦੇ ਵਿਰੋਧੀ ਬਣ ਚੁੱਕੇ ਸਨ। ਅਨਿਆਂ, ਭ੍ਰਿਸ਼ਟਾਚਾਰ, ਫੋਕੀਆਂ ਰਸਮਾਂ, ਰਾਜ ਪ੍ਰਬੰਧ ਦੇ ਜ਼ੁਲਮ ਕਾਰਨ ਪਰਜਾ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਵਿਆਕੁਲ, ਭੈ-ਭੀਤ ਤੇ ਦੁਖੀ ਸਨ। ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਸਮਕਾਲੀਨ ਪਰਿਸਥਿਤੀਆਂ ਅਤੇ ਸਮੱਸਿਆਵਾਂ ਨੂੰ ਦੇਖਦੇ ਹੋਏ ਜਗਤ ਦੇ ਆਤਮਿਕ ਬੱਲ ਨੂੰ ਉੱਪਰ ਚੁੱਕਣ ਲਈ ਯਾਤਰਾਵਾਂ ਕੀਤੀਆਂ। ਤੇਗ ਬਹਾਦਰ ਦੀ ਪਾਵਨ ਬਾਣੀ ਮਹਲਾ 9 ਦੇ ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਨ੍ਹਾਂ ਦੀ ਬਾਣੀ ਵਿਚ ਦੋ ਕਾਵਿ ਰੂਪ 'ਸਲੋਕ' ਅਤੇ 'ਪਦਾਂ' ਦੀ ਵਰਤੋਂ ਹੋਈ ਹੈ ਜਿਸ ਵਿਚ ਸਲੋਕਾਂ ਦੀ ਗਿਣਤੀ 57 ਅਤੇ ਪਦਿਆਂ (ਸ਼ਬਦਾਂ) ਦੀ ਗਿਣਤੀ 59 ਹੈ। ਵੱਖਰੇ-ਵੱਖਰੇ 15 ਰਾਗਾਂ ਅਧੀਨ ਉਨ੍ਹਾਂ ਨੇ ਪਦਿਆਂ ਦੀ ਰਚਨਾ ਕੀਤੀ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਰਾਗ ਗਉੜੀ (9), ਆਸਾ (1), ਦੇਵਗੰਧਾਰੀ (3), ਬਿਹਾਗੜਾ (1), ਸੋਰਠਿ (12), ਧਨਾਸਰੀ (3), ਜੈਤਸਰੀ (1), ਟੋਡੀ (1), ਤਿਲੰਗ (3), ਬਿਲਾਵਲ (3), ਰਾਮਕਲੀ (3), ਮਾਰੂ (5), ਬਸੰਤ (5), ਸਾਰੰਗ (4), ਅਤੇ ਜੈਜਾਵੰਤੀ (4) ਸ਼ਬਦ ਹਨ। 57 ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਤੋਂ ਬਾਅਦ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਹੋਣ ਕਾਰਨ ਇਨ੍ਹਾਂ ਨੂੰ ਭੋਗ ਦੇ ਸਮੇਂ ਪੜ੍ਹੇ ਜਾਣ ਵਾਲੇ ਸਲੋਕ ਕਿਹਾ ਜਾਂਦਾ ਹੈ। ਗੁਰੂ ਤੇਗ ਬਹਾਦਰ ਦਾ ਦਰਸ਼ਨ ਅਤੇ ਵਿਚਾਰਧਾਰਾ ਉਪਦੇਸ਼ਾਤਮਕ ਹੈ।

ਡਾ. ਤਾਰਨ ਸਿੰਘ ਅਨੁਸਾਰ, "ਆਪ ਨੇ ਪੂਰਨ ਗੁਰੂ ਦੇ ਤੌਰ 'ਤੇ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ, ਇਕ ਮਹਾਨ ਕਵੀ ਦੇ ਰੂਪ ਵਿਚ ਅਧਿਆਤਮਕ, ਧਾਰਮਿਕ ਅਤੇ ਸਾਹਿਤਕ ਤੌਰ 'ਤੇ ਉੱਚ ਪੱਧਰ ਦੀ ਬਾਣੀ ਦੀ ਰਚਨਾ ਕੀਤੀ, ਇਕ ਮਹਾਂ ਮਾਨਵ ਦੇ ਰੂਪ ਵਿਚ ਆਪਣੇ ਸਿੱਖ ਧਰਮ ਦੇ ਲਈ ਹੀ ਨਹੀਂ ਹਿੰਦੂ ਧਰਮ ਦੀ ਰੱਖਿਆ ਲਈ ਪ੍ਰਾਣ ਨਿਛਾਵਰ ਕੀਤੇ।"[3] ਗੁਰੂ ਸਾਹਿਬ ਦੀ ਬਾਣੀ ਵਿਚ ਮਾਨਵੀ ਮਨ ਨੂੰ ਬੰਧਨਾਂ ਵਿਚ ਫਸਿਆ ਹੋਣ ਕਰਕੇ ਆਤਮਿਕ ਤੌਰ 'ਤੇ ਨਿਰਬਲ ਰੂਪ ਵਿਚ ਪੇਸ਼ ਕੀਤਾ ਗਿਆ। ਮਨੁੱਖ ਦਾ ਜਿਹੜਾ ਚਿੱਤਰ ਪੇਸ਼ ਹੋਇਆ ਉਹ ਇਕ ਵਿਅਕਤੀ ਦੀ ਬਜਾਇ ਸਮੁੱਚੇ ਸਮੁੱਚੇ ਸਾਧਾਰਣ ਮਨੁੱਖ ਦਾ ਹੈ। ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਅਨੁਸਾਰ ਉਸ ਦੀ ਬਲਹੀਣਤਾ ਕੇਵਲ ਇਕ ਮਾਨਸਿਕ ਸਮੱਸਿਆ ਹੈ ਜਿਹੜੀ ਕਿ ਮਨੁੱਖ ਨੇ ਕੁਦਰਤ ਅਤੇ ਆਪਣੀ ਹੋਂਦ ਨਾਲ ਵੱਖ ਕਰਨ ਦੇ ਸਦਕਾ ਪੈਦਾ ਹੋਈ ਹੈ। ਮਨੁੱਖ ਦਾ ਮਨ ਅਗਿਆਨਤਾ ਦੇ ਹਨੇਰੇ ਵਿਚ ਫਸਿਆ ਹੋਣ ਕਾਰਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਵਸ ਵਿਚ ਪੈਣ ਕਾਰਨ ਉਹ ਖ਼ੁਦਗਰਜ਼ੀ ਸੁਭਾਅ ਦਾ ਬਣ ਗਿਆ ਹੈ। ਵਿਸ਼ਵ ਦ੍ਰਿਸ਼ਟੀਕੋਣ ਅਤੇ ਮਾਨਵੀ ਬਲ ਦੀ ਸੰਪੂਰਨ ਪ੍ਰਾਪਤੀ ਸਮਾਜਿਕ ਅਮਲ ਰਾਹੀਂ ਹੀ ਸੰਭਵ ਹੁੰਦੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ:-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥[4]

ਗੁਰੂ ਤੇਗ ਬਹਾਦਰ ਜੀ ਮਨ ਨੂੰ ਸਰੀਰ ਦਾ ਵਿਸ਼ੇਸ਼ ਅੰਗ ਮੰਨਦੇ ਹੋਏ ਮਨ ਨੂੰ ਅਸਲ ਵਿਚ ਜੋਤਿ ਸਰੂਪ ਸਮਝਦੇ ਹਨ। ਗੁਰੂ ਸਾਹਿਬ ਦੀ ਬਾਣੀ ਮਾਨਵੀ ਮਨ ਨੂੰ ਪੰਜ ਵਿਕਾਰਾਂ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦਿੰਦੀ ਹੈ, ਮਨ ਦੀ ਸਥਿਰਤਾ ਦੀ ਅਵਸਥਾ ਨੂੰ ਕਾਇਮ ਰੱਖਣ ਲਈ ਮੋਹ ਮਾਇਆ ਦੇ ਜੰਜਾਲ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਮਾਇਆ ਦੇ ਪ੍ਰਭਾਵ ਵਿਚ ਡੁੱਬ ਕੇ ਆਪਣੀ ਹੋਂਦ ਅਤੇ ਸ਼ਕਤੀ ਨੂੰ ਗੁਆ ਦਿੰਦਾ ਹੈ:-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਭੂਲਿਓ ਮਨੁ ਮਾਇਆ ਉਰਝਾਇਓ॥[5]

ਗੁਰੂ ਸਾਹਿਬ ਮਾਨਵੀ ਮਨ ਨੂੰ ਚਿਤਾਵਨੀ ਕਰਵਾਉਂਦੇ ਹੋਇਆਂ ਕਹਿੰਦੇ ਹਨ ਕਿ ਗੁਰ ਸ਼ਬਦ ਦੇ ਲੜ ਲੱਗਣ ਨਾਲ ਹੀ ਮਨ ਕਾਬੂ ਵਿਚ ਰਹਿੰਦਾ ਹੈ।

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ॥[6]

ਮੋਹ ਮਾਇਆ ਦੇ ਬੰਧਨ ਤੋਂ ਮੁਕਤ ਹੋ ਕੇ ਆਤਮਾ-ਪਰਮਾਤਮਾ ਦਾ ਮਿਲਾਪ ਹੋ ਸਕਦਾ ਹੈ। ਮਾਇਆ ਦੀ ਦੀਵਾਰ ਨੂੰ ਖਤਮ ਕਰਕੇ ਹੀ ਆਤਮਾ ਪਰਮਾਤਮਾ ਨਾਲ ਇਕਮਿਕ ਹੋ ਸਕਦੀ ਹੈ। ਗੁਰੂ ਸਾਹਿਬ ਮਨ ਨੂੰ ਸੰਬੋਧਿਤ ਕਰਦੇ ਹੋਏ ਲਿਖਦੇ ਹਨ:-

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥[7]

ਗੁਰੂ ਤੇਗ ਬਹਾਦਰ ਜੀ ਨੇ ਅਨੁਭਵ ਕੀਤਾ ਹੈ ਕਿ ਸਾਧ ਅਥਵਾ ਗੁਰੂ ਦੀ ਸ਼ਰਨ ਵਿਚ ਆ ਕੇ ਵਿਕਾਰਾਂ ਰੂਪੀ ਰੋਗ ਉੱਪਰ ਕਾਬੂ ਕੀਤਾ ਜਾ ਸਕਦਾ ਹੈ।

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥[8]

ਗੁਰੂ ਦੀ ਸ਼ਰਨ ਵਿਚ ਆਉਣ ਵਾਲਾ ਮਨੁੱਖ ਮੋਹ ਮਾਇਆ ਦੇ ਜਾਲ ਤੇ ਭਰਮ ਤੋਂ ਨਿਰਲੇਪ ਰਹਿ ਕੇ ਆਪ ਵੀ ਤਰ ਜਾਂਦਾ ਹੈ ਅਤੇ ਹੋਰਨਾਂ ਦਾ ਵੀ ਕਲਿਆਣ ਕਰਕੇ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਦਾ ਹੈ:-

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥[9]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਦੇ ਸਥਿਰ ਰਹਿਣ 'ਤੇ ਜ਼ੋਰ ਦਿੰਦੀ ਹੈ। ਸੰਸਾਰਕ ਮੋਹ ਮਾਇਆ ਦੇ ਪਦਾਰਥ ਸਥਿਰ ਨਾ ਹੋਣ ਕਾਰਨ ਮਨੁੱਖ ਦੁੱਖ ਭੋਗਦਾ ਹੈ। ਗੁਰੂ ਸਾਹਿਬ ਦੀ ਅਮੋਲਕ ਅਤੇ ਅਦੁੱਤੀ ਰਚਨਾ ਦਾ ਕੇਂਦਰੀ ਧੁਰਾ ਗੁਰੂ ਹੈ:-

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥[10]

ਹੁਕਮ ਅਤੇ ਰਜ਼ਾ ਵਿਚ ਰਹਿਣ ਦਾ ਸੰਕਲਪ ਸਮੁੱਚੀ ਗੁਰਬਾਣੀ ਵਿਚ ਬਹੁਤ ਹੀ ਵਿਸਤ੍ਰਿਤ ਰੂਪ ਵਿਚ ਮਿਲਦਾ ਹੈ। ਪਰਮਾਤਮਾ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਕਾਰਜਸ਼ੀਲ ਹੈ। ਗੁਰਮੁਖ ਅਤੇ ਮਨਮੁਖ ਬਿਰਤੀ ਵੀ ਪਰਮਾਤਮਾ ਦੀ ਰਜ਼ਾ ਨਾਲ ਆਉਂਦੀ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥[11]

ਗੁਰੂ ਸਾਹਿਬ ਦੀ ਬਾਣੀ ਦੀ ਦਾਰਸ਼ਨਿਕ ਭਾਵਨਾ ਅਤੇ ਅਧਿਆਤਮਕ ਸੰਦੇਸ਼ ਮਨੁੱਖ ਨੂੰ ਅਜਿਹੀ ਬੌਧਿਕ ਅਗਵਾਈ ਅਤੇ ਰਹੱਸਮਈ ਸੋਝੀ ਦੇਣ ਦੇ ਸਮਰੱਥ ਹੈ, ਜਿਸ ਦੀ ਉਸ ਨੂੰ ਤੀਬਰ ਲੋਚ ਹੈ। ਮਾਨਵ ਨੂੰ ਹਮੇਸ਼ਾ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ:-

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥

ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥[12]

ਗੁਰੂ ਸਾਹਿਬ ਮਨੁੱਖ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਮੁਕਤਿ ਦੀ ਪਦਵੀ ਬਹੁਤ ਮੁਸ਼ਕਿਲ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਦੀ ਸ਼ਰਨ ਵਿਚ ਰਹਿ ਕੇ ਹੀ ਇਹ ਪ੍ਰਾਪਤ ਹੁੰਦੀ ਹੈ। ਜਿਹੜਾ ਵਿਅਕਤੀ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ ਉਹ ਨਿਰਭੈਅ ਅਤੇ ਜੀਵਨ ਮੁਕਤ ਹੋ ਨਿਬੜਦਾ ਹੈ:-


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥[13]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਉਪਰਾਮਤਾ ਅਤੇ ਵੈਰਾਗ ਦੀ ਸੁਰ ਨੂੰ ਪੇਸ਼ ਕੀਤਾ ਗਿਆ ਹੈ। ਸੰਸਾਰਕ ਸੁੱਖ, ਮੋਹ ਮਾਇਆ ਤੋਂ ਨਿਰਲੇਪ, ਬੰਧਨਾਂ ਤੋਂ ਛੁਟਕਾਰਾ ਪਾਉਣਾ ਹੀ ਉਪਰਾਮਤਾ ਅਤੇ ਵੈਰਾਗ ਦੀ ਨਿਸ਼ਾਨੀ ਹੈ। ਗੁਰੂ ਸਾਹਿਬ ਦੀ ਬਾਣੀ ਦੁੱਖ ਤੇ ਵੈਰਾਗ ਦਾ ਸੰਕਲਪ ਪੇਸ਼ ਕਰਦੀ ਹੈ। ਉਨ੍ਹਾਂ ਦੀ ਬਾਣੀ ਵਿੱਚ:-

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥[14]

ਡਾ. ਜਗਬੀਰ ਸਿੰਘ ਲਿਖਦੇ ਹਨ, "ਇੱਥੇ ਵੈਰਾਗ ਦੀ ਭਾਵਨਾ ਸੰਸਾਰ ਤੋਂ ਭਾਂਜ ਦਾ ਮਾਰਗ ਅਖ਼ਤਿਆਰ ਕਰਨ ਵਾਲੀ ਬਿਰਤੀ ਦੀ ਲਖਾਇਕ ਨਹੀਂ ਸਗੋਂ ਮਨੁੱਖੀ ਹੋਂਦ ਦੀ ਸਰਬ-ਉੱਚ ਪ੍ਰਾਪਤੀ (ਬ੍ਰਹਮ ਨਾਲ ਅਭੇਦ ਹੋਣ) ਦੀ ਸੂਚਕ ਹੈ।"[15]

ਗੁਰੂ ਤੇਗ ਬਹਾਦਰ ਜੀ ਮਾਨਵ ਨੂੰ ਸਮਝਾਉਂਦੇ ਹੋਏ ਆਖਦੇ ਹਨ ਕਿ "ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ ਦੇ ਸੰਕਲਪ ਅਧੀਨ ਮਾਨਵ ਨੂੰ ਅਚੇਤ ਮਨ ਦੀ ਅਵਸਥਾ ਵਿੱਚੋਂ ਕੱਢ ਕੇ ਦੁਨਿਆਵੀ ਸੁੱਖਾਂ ਦੀ ਨਿਸਫਲਤਾ ਤੇ ਨਾਸ਼ਮਾਨਤਾ ਦਾ ਅਨੁਭਵ ਕਰਵਾਉਂਦੀ ਹੋਈ ਵੈਰਾਗ ਨੂੰ ਉਤਪੰਨ ਕਰਦੀ ਹੈ। ਮਨੁੱਖ ਨੂੰ ਨਿਰਭੈਅ ਬਣਾਉਂਦੀ ਹੋਈ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਦਾ ਗਿਆਨ ਕਰਵਾਉਂਦੀ ਹੋਈ ਪਰਮਾਤਮਾ ਦੇ ਦੀਦਾਰ ਵਿਚ ਲੀਨ ਕਰਦੀ ਹੈ। ਪ੍ਰਭੂ ਦੇ ਦੀਦਾਰ ਵਿਚ ਲੀਨ ਹੋਏ ਮਨੁੱਖ ਦੀ ਆਤਮਾ ਦੁੱਖ-ਸੁੱਖ, ਉਸਤਤ-ਨਿੰਦਿਆ, ਅਮੀਰੀ-ਗਰੀਬੀ ਦੇ ਦਵੰਦ ਤੋਂ ਉੱਪਰ ਉੱਠ ਕੇ ਸੰਸਾਰ ਦੀ ਸੇਵਾ ਕਰਨ ਵੱਲ ਨਿਹਿਤ ਹੋ ਜਾਂਦੀ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥[16]

ਗੁਰੂ ਜੀ ਸੰਦੇਸ਼ ਦਿੰਦੇ ਹਨ ਕਿ ਦੁਰਾਚਾਰ ਨੂੰ ਛੱਡ ਕੇ ਸਦਾਚਾਰ ਨੂੰ ਧਾਰਨ ਕਰਨਾ ਹੀ ਵੈਰਾਗ ਅਤੇ ਅਨੁਰਾਗ ਹੈ। ਪਰਾਈ ਇਸਤਰੀ, ਨਿੰਦਿਆ, ਹਉਮੈ, ਗਰੂਰ, ਲੋਭ, ਲਾਲਚ ਆਦਿ ਵਿਚ ਗ੍ਰਸਿਆ ਮਨੁੱਖ ਕਦੇ ਵੀ ਸੁੱਖਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ। ਮੰਦੇ ਕਰਮ ਕਰਕੇ ਮਨੁੱਖ ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਚਾਹਤ ਵਿਚ ਲੱਗਾ ਰਹਿੰਦਾ ਹੈ ਜਿਸ ਦੀ ਸੰਤੁਸ਼ਟੀ ਕਦੇ ਵੀ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ।

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥[17]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸਦਾਚਾਰ ਨੂੰ ਧਰਮ ਦਾ ਇਕ ਅਟੁੱਟ ਅੰਗ ਮੰਨਿਆ ਹੈ, "ਆਪ ਜੀ ਨੇ ਮਾਇਆ, ਲੋਭ, ਮੋਹ, ਹੰਕਾਰ, ਪਰਾਈ ਨਿੰਦਿਆ, ਪਰਾਈ ਇਸਤਰੀ ਆਦਿ ਸੰਸਾਰੀ ਪਦਾਰਥਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਆਪ ਜੀ ਦਾ ਮਤ ਹੈ ਕਿ ਮਨੁੱਖ ਸੰਸਾਰ ਵਿਚ ਰਹਿੰਦਿਆਂ ਸੰਸਾਰੀ ਪਦਾਰਥਾਂ ਵਿਚ ਏਨਾ ਲੀਨ ਹੋ ਜਾਂਦਾ ਹੈ ਕਿ ਉਹ ਬਾਕੀ ਸਭ ਕੁਝ ਭੁੱਲ ਜਾਂਦਾ ਹੈ। ਉਹ ਇਸ ਝੂਠੇ ਜੱਗ ਨੂੰ ਸੱਚਾ ਮੰਨ ਲੈਂਦਾ ਹੈ, ਉਹ ਆਪਣਾ ਸਾਰਾ ਜੀਵਨ ਇਸ ਭੁਲੇਖੇ ਵਿਚ ਗੁਜ਼ਾਰ ਦਿੰਦਾ ਹੈ।"[18]

ਪਰਮਾਤਮਾ ਬਾਰੇ ਗੁਰੂ ਸਾਹਿਬ ਦੱਸਦੇ ਹਨ ਕਿ ਸੰਸਾਰ ਦੀ ਸੁੰਦਰ ਰਚਨਾ ਦਾ ਰਚਨਹਾਰ ਪਰਮਾਤਮਾ ਹੈ। ਵੱਖ-ਵੱਖ ਨਾਮਾਂ ਰਾਹੀਂ ਪਰਮਾਤਮਾ ਨੂੰ ਯਾਦ ਕੀਤਾ ਜਾਂਦਾ ਹੈ। ਪਰਮਾਤਮਾ ਦਾ ਨਾਮ ਜਪਣ ਨਾਲ ਹੀ ਸੰਸਾਰ ਦੇ ਭਵਸਾਗਰ ਤੋਂ ਪਾਰ ਉਤਾਰਾ ਹੋਇਆ ਜਾ ਸਕਦਾ ਹੈ। ਪਰਮਾਤਮਾ ਦਾ ਨਾਮ ਜਪਣਾ ਹੀ ਸਰਬੋਤਮ ਕਰਮ, ਵਿੱਦਿਆ ਤੇ ਧਰਮ ਹੈ। ਉਸ ਦੀ ਹੋਂਦ ਨੂੰ ਆਪਣੇ ਮਨ ਵਿਚ ਚਿਤਰਦਿਆਂ ਅਤੇ ਸਿਮਰਦਿਆਂ; ਉਨ੍ਹਾਂ ਦੇ ਗੁਣਾਂ ਨੂੰ ਮਹਿਸੂਸ ਕਰਕੇ ਆਤਮਿਕ ਅਨੁਭਵ ਰਾਹੀਂ ਸੱਚੇ ਧਰਮ ਦੇ ਮਾਰਗ ਦੀ ਸੋਝੀ ਹੋ ਸਕਦੀ ਹੈ:-

ਪ੍ਰਾਨੀ ਕਉਨੁ ਉਪਾਉ ਕਰੈ॥

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ॥

ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ॥

ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥[19]

ਪਰਮਾਤਮਾ ਦੇ ਸਰਗੁਣ ਅਤੇ ਨਿਰਗੁਣ ਸਰੂਪ ਬਾਰੇ ਦੱਸਦੇ ਹੋਏ ਗੁਰੂ ਸਾਹਿਬ ਮਨੁੱਖ ਨੂੰ ਅੰਤਰ ਅਨੁਭਵ ਵਿਚ ਉਤਾਰ ਕੇ ਸੋਝੀ ਦੇ ਦਰਸ਼ਨ ਕਰਵਾਉਂਦੇ ਹਨ। ਇਹ ਸ੍ਰਿਸ਼ਟੀ ਪਰਮਾਤਮਾ ਦੀ ਰਚੀ ਹੋਣ ਕਰਕੇ ਸਾਰੀ ਕਾਇਨਾਤ ਉਸ ਦੇ ਭਾਣੇ ਵਿਚ ਵਿਚਰਦੀ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਅਸਲੀਅਤ ਦਾ ਗਿਆਨ ਕਰਵਾਉਣ ਦੇ ਨਾਲ-ਨਾਲ ਯਥਾਰਥ ਦੀ ਸੋਝੀ ਵੀ ਕਰਵਾਉਂਦੀ ਹੈ, ਪਰਮਾਤਮਾ ਕਣ-ਕਣ ਦੇ ਵਿਚ ਸਮੋਇਆ ਹੋਇਆ ਹੈ:-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥[20]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਸਾਹਿਬ ਦੀ ਵਿਚਾਰਧਾਰਾ ਵਿਚ ਮੁਕਤਿ ਦੇ ਪ੍ਰਵਚਨ ਨੂੰ ਪੇਸ਼ ਕੀਤਾ ਗਿਆ ਹੈ। ਮੁਕਤਿ ਪੁਰਸ਼ ਹੀ ਹੈ ਜੋ ਸੰਸਾਰਕ ਪਦਾਰਥਾਂ ਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਸਰਬ-ਸ਼ਕਤੀਮਾਨ ਪਰਮਾਤਮਾ ਦੇ ਵਿਸ਼ਵਾਸ/ਆਸਥਾ ਸਦਕਾ ਨਿਰਭੈਅ ਹੋ ਕੇ ਬਲ ਗ੍ਰਹਿਣ ਕਰਕੇ ਬੰਧਨ ਮੁਕਤ ਹੋਣ ਲਈ ਸੰਘਰਸ਼ ਵਿਚ ਜੂਝਦਿਆਂ ਆਪਣਾ ਆਪ ਕੁਰਬਾਨ ਕਰਨਾ ਹੀ ਗੁਰੂ ਤੇਗ ਬਹਾਦਰ ਜੀ ਦਾ ਮੂਲ ਉਦੇਸ਼ ਹੈ:-

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥[21]

ਗੁਰਮਤਿ ਅਨੁਸਾਰ, "ਸੰਸਾਰਕ ਬੰਧਨਾਂ ਤੋਂ ਨਵਿਰਤੀ ਹੀ ਮੁਕਤੀ ਹੈ, ਇਨ੍ਹਾਂ ਬੰਧਨਾਂ ਨੂੰ ਕੂੜ ਦੀ ਦੀਵਾਰ ਅਤੇ ਸੰਸਾਰਕ ਪ੍ਰਪੰਚਾਂ ਦੇ ਭਰਮ ਦਾ ਨਾਮ ਦਿੱਤਾ ਗਿਆ ਹੈ। ਜਨਮ-ਜਨਮਾਂਤਰਾਂ ਦੀ ਭਟਕਣ ਤੋਂ ਛੁਟਕਾਰਾ, ਮੌਤ ਦੇ ਡਰ ਦਾ ਵਿਨਾਸ਼, ਪੁਨਰ ਜਨਮ ਅਥਵਾ ਦੇਹ ਧਾਰਣਾ ਤੋਂ ਛੁਟਕਾਰਾ, ਸ਼ੰਕਿਆਂ ਦੀ ਨਵਿਰਤੀ, ਤ੍ਰਿਸ਼ਨਾਵਾਂ ਦਾ ਵਿਨਾਸ਼, ਜਮਾਂ ਦੀ ਫਾਂਸੀ ਤੋਂ ਖਲਾਸੀ ਆਦਿ ਗੁਰਮਤਿ ਅਨੁਸਾਰ ਮੁਕਤੀ ਹੈ।"

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੀ ਕਾਵਿ ਕਲਾ ਅਤੇ ਸ਼ੈਲੀ ਬਾਰੇ ਚਰਚਾ ਕਰਦਿਆਂ ਇਹ ਕਹਿ ਸਕਦੇ ਹਾਂ ਕਿ ਹਰ ਸ਼ਬਦ ਦੀ ਪਹਿਲੀ ਤੁਕ ਛੋਟੀ ਹੈ ਅਤੇ ਅੱਗੋਂ ਸ਼ਬਦ ਦੀਆਂ ਸਾਰੀਆਂ ਤੁਕਾਂ ਉਸ ਤੋਂ ਵੱਡੀਆਂ ਹਨ। ਹਰ ਸ਼ਬਦ ਦਾ ਪਹਿਲਾ ਪਦ 'ਰਹਾਉ' ਦਾ ਪਦ ਹੈ। ਮਧੁਰਤਾ, ਸ਼ਬਦ ਸੰਗੀਤ, ਸ਼ਬਦ ਚਿੱਤਰ, ਇਕਹਿਰਾਪਨ, ਉਜਵਲ ਵੇਗ, ਲਗਾਤਾਰਤਾ, ਵਿਚਾਰਾਂ ਦੀ ਸਪੱਸ਼ਟਤਾ, ਨਾਟਕੀ ਪ੍ਰਭਾਵ, ਨਿਵੇਕਲੇ ਗੁਣ, ਗੁਰੂ ਸਾਹਿਬ ਦੀ ਬਾਣੀ ਵਿਚ ਸਮੋਏ ਹੋਏ ਹਨ। ਬਾਣੀ ਵਿਚ ਵੈਰਾਗ ਰਸ ਭਰਪੂਰ ਹੈ। ਸਾਰੀ ਬਾਣੀ ਇੱਕੋ ਬੋਲੀ ਵਿਚ ਰਚੀ ਗਈ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਡੇ ਲਈ ਇਹ ਨਵਾਂ ਸੰਦੇਸ਼ ਇਹ ਦੇ ਰੂਪ ਮਹੱਤਵ ਰੱਖਦਾ ਹੈ। ਮਾਨਵੀ ਅਧਿਕਾਰਾਂ ਦੀ ਰਾਖੀ ਲਈ ਜੋ ਲਾਸਾਨੀ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਹੈ, ਉਸ ਦੀ ਉਦਾਹਰਨ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਸੰਖੇਪ ਵਿਚ ਵਰਣਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਬਚਿੱਤਰ ਨਾਟਕ' ਵਿਚ ਅੰਕਿਤ ਕੀਤਾ ਹੈ:-

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨਿ ਹੇਤਿ ਇਤੀ ਜਿਨ ਕਰੀ॥

ਸੀਸੁ ਦੀਆ ਪਰ ਸੀ ਨਾ ਉਚਰੀ॥

ਧਰਮ ਹੇਤ ਸਾਕਾ ਜਿਨਿ ਕੀਆ॥

ਸੀਸ ਦੀਆ ਪਰ ਸਿਰਰੁ ਨ ਦੀਆ॥[22]

ਗੁਰੂ ਸਾਹਿਬ ਅਨੁਸਾਰ ਸ਼ਹਾਦਤ ਤੋਂ ਭਾਵ ਉਹ ਸ਼ਹੀਦ ਜਿਸ ਨੇ ਜੀਵਨ ਦੀ ਕੁਰਬਾਨੀ ਦੇ ਕੇ ਇਕ ਅਜਿਹੇ ਸੱਚ ਨੂੰ ਧੁਰ ਅੰਦਰੋਂ ਮਾਣਿਆ ਹੈ। ਧਾਰਮਿਕ ਵਿਅਕਤੀ ਉਹ ਹੈ ਜੋ ਆਪਣੇ ਧਾਰਮਿਕ ਹਿੱਤਾਂ ਦੇ ਨਾਲ-ਨਾਲ ਦੂਜਿਆਂ ਦੇ ਧਾਰਮਿਕ ਹਿੱਤਾਂ ਦੀ ਰਾਖੀ ਕਰੇ। ਗੁਰੂ ਸਾਹਿਬ ਦੀ ਸ਼ਹਾਦਤ ਇਹ ਦਰਸਾਉਂਦੀ ਹੈ ਕਿ ਮਨੁੱਖਤਾ ਤੋਂ ਉੱਪਰ ਕੋਈ ਧਰਮ ਨਹੀਂ। ਸਭ ਤੋਂ ਜ਼ਰੂਰੀ ਮਾਨਵੀ ਮਾਤਰ ਦੇ ਹਿੱਤਾਂ ਦੀ ਰੱਖਿਆ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਆਪਣਾ ਬਲੀਦਾਨ ਦੇ ਦਿੱਤਾ। ਜਦੋਂ ਕੋਈ ਮਹਾਨ ਯੋਧਾ ਧਰਮ ਦੇ ਹਿੱਤਾਂ ਦੀ ਰਾਖੀ ਦੇ ਨਾਲ-ਨਾਲ ਦੂਜੇ ਧਰਮ ਦੇ ਬਚਾਉ ਲਈ ਆਪਣਾ ਆਪ ਕੁਰਬਾਨ ਕਰ ਦੇਵੇ ਤਾਂ ਅਜਿਹਾ ਕੁਰਬਾਨੀਆਂ ਭਰਿਆ ਇਤਿਹਾਸ ਸੁਨਹਿਰੀ ਅੱਖਰਾਂ ਨਾਲ ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਜਾਂਦਾ ਹੈ।

ਐਮ.ਏ. ਮੈਕਾਲਿਫ ਦਾ ਵਿਚਾਰ ਹੈ, "ਇਸ ਸ਼ਹਾਦਤ ਦੀ ਤੁਲਨਾ ਦੁਨੀਆ ਦੀ ਕਿਸੇ ਸ਼ਹਾਦਤ ਨਾਲ ਨਹੀਂ ਕੀਤੀ ਜਾ ਸਕਦੀ। ਇਹ ਆਪਣੇ ਆਪ ਵਿਚ ਇਕ ਵੱਖਰੀ, ਅਨੋਖੀ ਅਤੇ ਅਲੌਕਿਕ ਘਟਨਾ ਹੈ।"[23]

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਿੱਖ ਧਰਮ ਦਾ ਵਿਕਾਸ ਸਿਖਰ 'ਤੇ ਪੁੱਜ ਚੁੱਕਾ ਸੀ। ਮੁਗਲ ਸ਼ਾਸਕ ਔਰੰਗਜ਼ੇਬ ਤੋਂ ਇਹ ਬਰਦਾਸ਼ਤ ਨਾ ਹੋ ਸਕਿਆ। ਮੁਗਲ ਹਾਕਮ ਧੱਕੇ ਨਾਲ ਹਿੰਦੂਆਂ ਨੂੰ ਜਬਰੀ ਮੁਸਲਮਾਨ ਧਰਮ ਪਰਿਵਰਤਨ ਵੱਲ ਧੱਕ ਰਹੇ ਸਨ। ਇਸ ਸਮੇਂ ਗੁਰੂ ਸਾਹਿਬ ਨੇ ਕਿਸੇ ਇਕ ਧਰਮ ਦੀ ਰਾਖੀ ਅਤੇ ਹੱਕ ਵਿਚ ਖੜ੍ਹਨ ਦੀ ਬਜਾਇ ਸਮੁੱਚੀ ਇਨਸਾਨੀਅਤ ਦੀ ਰਾਖੀ ਲਈ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ। ਔਰੰਗਜ਼ੇਬ ਨੇ ਕਸ਼ਮੀਰੀ ਹਿੰਦੂਆਂ ਦੇ ਜਨੇਊ ਲਾਹ ਕੇ ਧਰਮ ਪਰਿਵਰਤਨ ਕਰਵਾਉਣਾ ਸ਼ੁਰੂ ਕਰ ਦਿੱਤਾ। ਇਸ ਦਹਿਸ਼ਤ ਵਿਚ ਕਸ਼ਮੀਰੀ ਪੰਡਿਤ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਸਾਰੀ ਵਿਥਿਆ ਸੁਣਾਉਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਕੁਰਬਾਨੀ ਦੇਣ ਦਾ ਫੈਸਲਾ ਕਰ ਲਿਆ। ਗੁਰੂ ਸਾਹਿਬ ਦੇ ਇਸ ਐਲਾਨ ਦਾ ਪਤਾ ਔਰੰਗਜ਼ੇਬ ਨੂੰ ਲੱਗਾ ਤਾਂ ਉਸ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਉਣ ਦਾ ਹੁਕਮ ਦੇ ਦਿੱਤਾ। ਗ੍ਰਿਫ਼ਤਾਰੀ ਤੋਂ ਬਾਅਦ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਅਤੇ ਡਰਾਉਣ ਧਮਕਾਉਣ ਲਈ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ, ਭਾਈ ਮਤੀਦਾਸ ਨੂੰ ਆਰੇ ਨਾਲ ਚੀਰਿਆ, ਭਾਈ ਸਤੀਦਾਸ ਨੂੰ ਰੂੰ ਵਿਚ ਬੰਨ੍ਹ ਕੇ ਅੱਗ ਲਗਾਈ ਪਰ ਗੁਰੂ ਤੇਗ ਬਹਾਦਰ ਸਾਹਿਬ ਅਡੋਲ ਰਹੇ, ਉਹ ਸਿਦਕ ਤੋਂ ਨਾ ਡੋਲੇ, ਨਾ ਹੀ ਝੁਕੇ ਨਾ ਹੀ ਡਰੇ। 11 ਨਵੰਬਰ 1675 ਨੂੰ ਗੁਰੂ ਸਾਹਿਬ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸਿਰ ਕਲਮ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਅੱਜਕੱਲ੍ਹ ਗੁਰਦੁਆਰਾ ਸੀਸ ਗੰਜ


© Copyright @ Authors

ਸਾਹਿਬ ਹੈ। ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਪਾਸ ਪੁੱਜੇ, ਤਦ ਗੁਰੂ ਸਾਹਿਬ ਨੇ ਭਾਈ ਜੈਤਾ ਜੀ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਨਿਵਾਜਿਆ ਸੀ।

ਡਾ. ਬਿਕਰਮ ਸਿੰਘ ਘੁੰਮਣ ਦਾ ਵਿਚਾਰ ਹੈ, "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਤੇ ਦੇਸ਼ ਨੂੰ ਜਬਰ ਅਤੇ ਅਨਿਆਂ ਤੋਂ ਬਚਾਉਣ ਲਈ ਮਹਾਨ ਬਲੀਦਾਨ ਦਿੱਤਾ। ਆਪ ਨੇ ਹਿੰਦ ਦੀ ਚਾਦਰ ਬਣ ਕੇ ਸਾਰੇ ਦੇਸ਼ ਦੀ ਇੱਜ਼ਤ ਰੱਖੀ। ਆਪ ਦਾ ਜੀਵਨ ਅਤੇ ਵਿਸ਼ੇਸ਼ ਕਰਕੇ ਆਪ ਦੀ ਸ਼ਹੀਦੀ ਧਰਮ ਤੇ ਆਜ਼ਾਦੀ ਲਈ ਸਾਰੇ ਸੰਸਾਰ ਦੇ ਇਤਿਹਾਸ ਵਿਚ ਵਿਲੱਖਣ ਹੈ ਅਤੇ ਚਾਨਣ ਮੁਨਾਰੇ ਦਾ ਕੰਮ ਦੇ ਰਹੀ ਹੈ।"[24]

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਮੁੱਚੀ ਮਨੁੱਖਤਾ ਵਿਚ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਅਦੁੱਤੀ ਤਿਆਗ ਅਤੇ ਬਲੀਦਾਨ ਦੀ ਵਾਰਤਾ ਮਨੁੱਖੀ ਭਾਵਨਾਵਾਂ ਨੂੰ ਟੁੰਬਦੀ ਹੈ। ਗੁਰੂ ਸਾਹਿਬ ਦੀ ਸ਼ਹਾਦਤ ਨਾਲ ਮੁਗਲ ਰਾਜ ਦੀਆਂ ਨੀਂਹਾਂ ਹਿੱਲ ਗਈਆਂ ਸਨ। ਗੁਰੂ ਸਾਹਿਬ ਨੇ ਆਪਣਾ ਸਿਰ ਕੁਰਬਾਨ ਕਰਕੇ ਔਰੰਗਜ਼ੇਬ ਦੇ ਇਰਾਦੇ/ਸੁਪਨੇ ਫੇਲ੍ਹ ਹੋ ਗਏ। ਹਿੰਦੁਸਤਾਨ ਮੁਗਲ ਹਕੂਮਤ ਦੇ ਚੁੰਗਲ ਵਿੱਚ ਫਸਣ ਤੋਂ ਬਚ ਗਿਆ। ਪ੍ਰੋ. ਪੂਰਨ ਸਿੰਘ ਲਿਖਦੇ ਹਨ:-

"ਜੇ ਔਰੰਗਜ਼ੇਬ ਆਪਣੇ ਮਨੋਰਥ ਵਿਚ ਸਫ਼ਲ ਹੋ ਜਾਂਦਾ ਤਾਂ ਮੁਸਲਮਾਨ ਦੀ ਇਹ ਇਕ ਸਭ ਤੋਂ ਵੱਡੀ ਇਤਿਹਾਸਕ ਪ੍ਰਾਪਤੀ ਹੋਣੀ ਸੀ ਅਤੇ ਔਰੰਗਜ਼ੇਬ ਦਾ ਨਾਂ ਬਹੁਤ ਮਹਾਨ ਵਿਅਕਤੀਆਂ ਵਿੱਚੋਂ ਇਕ ਹੋਣਾ ਸੀ ਪਰ ਉਹ ਅਸਫਲ ਹੋਇਆ।"[25]

ਉਪਰੋਕਤ ਵਿਆਖਿਆ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਯੁੱਧ, ਉਨ੍ਹਾਂ ਦੀ ਬਾਣੀ, ਵਿਚਾਰਧਾਰਾ, ਸ਼ਹਾਦਤ ਅੱਜ ਦੇ ਸਮੇਂ ਵਿਚ ਮਨੁੱਖ ਨੂੰ ਗੁਰੂ ਸਾਹਿਬ ਦੀ ਮਾਨਵਤਾ ਲਈ ਕੀਤੀ ਗਈ ਸ਼ਹੀਦੀ ਤੋਂ ਜਾਗਰੂਕ ਕਰਵਾਉਂਦੀ ਹੈ। ਸਮੇਂ ਦੀ ਮੰਗ ਹੈ ਕਿ ਗੁਰੂ ਜੀ ਦੀ ਸ਼ਹੀਦੀ ਨੂੰ ਯਾਦ ਰੱਖ ਕੇ ਉਨ੍ਹਾਂ ਦੁਆਰਾ ਦਿੱਤੇ ਫ਼ਲਸਫ਼ੇ 'ਤੇ ਚੱਲ ਕੇ ਸਮੁੱਚੀ ਮਾਨਵਤਾ ਦਾ ਭਲਾ ਕਰ ਸਕੀਏ ਜਿਸ ਨਾਲ ਸਮਾਜ ਵਿਚੋਂ ਬੁਰਾਈਆਂ ਦਾ ਖਾਤਮਾ ਹੋ ਸਕੇ। ਅੱਜ ਦੀ 21ਵੀਂ ਸਦੀ ਦੇ ਸੰਦਰਭ ਵਿਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਸਾਡੇ ਸਮਾਜ ਵਿਚ ਫਿਰ ਵੰਡੀਆਂ ਪੈ ਗਈਆਂ ਹਨ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੌਸ਼ਨੀ ਇਨ੍ਹਾਂ ਕੱਟੜ ਨੀਤੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰਦੀ ਹੈ। ਗੁਰੂ ਜੀ ਦੀ ਬਾਣੀ ਮਾਨਵ ਜਾਤੀ ਨੂੰ ਧਰਮ ਤੋਂ ਉੱਪਰ ਉੱਠ ਕੇ ਸਰਬ ਸਾਂਝੇ ਧਰਮ ਦਇਆ, ਅਮਨ ਸ਼ਾਂਤੀ ਅਤੇ ਅਖੰਡਤਾ ਦੇ ਰਸਤੇ ਉੱਪਰ ਚੱਲਣ ਦੀ ਪ੍ਰੇਰਨਾ ਦਿੰਦੀ ਹੋਈ ਕਲਿਆਣਕਾਰੀ ਹੈ।

**ਹਵਾਲੇ ਅਤੇ ਟਿੱਪਣੀਆਂ:**

1. ਡਾ. ਤਾਰਨ ਸਿੰਘ, ਗੁਰੂ ਤੇਗ ਬਹਾਦਰ: ਜੀਵਨ ਤੇ ਸਿੱਖਿਆ, ਪੰਨਾ 102
2. Gurmukh Singh, Historical Sikh Shrines, Singh Bros.,Amritsar,1995,P. 38
3. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 434
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 702
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 685
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
10. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਸਲੋਕ 56, ਅੰਗ 1429
11. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਸਲੋਕ 39, ਅੰਗ 1428
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 831
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
15. ਡਾ. ਜਗਬੀਰ ਸਿੰਘ, ਗੁਰਬਾਣੀ ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ, ਪੰਨਾ 126
16. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ ਨੌਵਾਂ, ਸ਼ਬਦ 16, ਅੰਗ 1427
17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219
18. ਡਾ. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ (ਜੀਵਨ ਬਿਰਤਾਂਤ), ਪੰਨਾ 68


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 632
20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429
22. ਬਚਿਤ੍ਰ ਨਾਟਕ 5, 73-1
23. ਮੁਖਤਾਰ ਸਿੰਘ ਗੁਰਾਇਆ, ਦਸ ਪਾਤਸ਼ਾਹੀਆਂ; ਜੀਵਨ, ਕਾਰਜ ਤੇ ਉਪਦੇਸ਼, ਪੰਨਾ 150
24. ਡਾ. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ, ਪੰਨਾ 5
25. Prof. Puran Singh, Ten Masters,P. 91


© Copyright @ Authors